# ਇਕਾਂਗੀ ਸੰਗ੍ਰਹਿ 'ਮੰਚ ਘਰ': ਵਿਸ਼ਾਗਤ ਅਧਿਐਨ



ਡਾ. ਅੰਜੂ ਬਾਲਾ
ਸਹਾਇਕ ਪ੍ਰੋਫ਼ੈਸਰ,
ਪੰਜਾਬੀ ਵਿਭਾਗ
ਪੀ.ਸੀ.ਐਮ. ਐੱਸ.ਡੀ
ਕਾਲਜ ਫ਼ਾਰ ਵੂਮੈਨ,
ਜਲੰਧਰ
+9194636-40022

ਆਧੁਨਿਕ ਪੰਜਾਬੀ ਸਾਹਿਤ ਆਪਣੇ ਵੱਖ-ਵੱਖ ਰੂਪਾਂ ਰਾਹੀਂ ਵਿਕਾਸ ਦੀਆਂ ਰਾਹਾਂ 'ਤੇ ਨਿਰੰਤਰ ਗਤੀਸ਼ੀਲ ਹੈ। ਅੱਜ ਬਹੁਤ ਸਾਰੇ ਵਿਦਵਾਨ ਸਾਹਿਤਕਾਰ ਨਾਵਲ, ਕਵਿਤਾ, ਕਹਾਣੀ, ਵਾਰਤਕ ਦੇ ਖੇਤਰ ਵਿਚ ਰਚਨਾਤਮਕ ਕਾਰਜ ਕਰ ਰਹੇ ਹਨ ਅਤੇ ਸਾਹਿਤ ਦੇ ਖੇਤਰ ਨੂੰ ਵਿਸਥਾਰ ਪ੍ਰਦਾਨ ਕਰ ਰਹੇ ਹਨ। ਸਾਹਿਤ ਦੇ ਇਨ੍ਹਾਂ ਵਿਭਿੰਨ ਰੂਪਾਂ ਵਿਚ ਨਾਟਕ ਵੀ ਇਕ ਅਹਿਮ ਅਤੇ ਮਹਤੱਵਪੂਰਨ ਵਿਧਾ ਹੈ ਜੋ ਕਿ ਇਕਾਂਗੀ, ਨੁੱਕੜ ਨਾਟਕ, ਇਕ ਪਾਤਰੀ ਨਾਟਕ, ਮੂਕ ਨਾਟਕ, ਰੇਡੀਉ ਨਾਟਕ, ਟੀਵੀ ਨਾਟਕ, ਨੈਨੋ ਨਾਟਕ ਆਦਿ ਰੂਪਾਂ ਰਾਹੀਂ ਨਿਰੰਤਰ ਗਤੀਸ਼ੀਲ ਹੈ। ਨਾਵਲ, ਕਵਿਤਾ ਕਹਾਣੀ ਦੇ ਮੁਕਾਬਲੇ ਨਾਟਕ ਦੋਹਰੇ ਚਰਿੱਤਰ ਦਾ ਧਾਰਨੀ ਹੈ। ਇਸਦਾ ਲਿਖਤੀ ਪਾਠ ਜਿੱਥੇ ਪੁਸਤਕ ਰੂਪ ਵਿਚ ਪਾਠਕਾਂ ਵਲੋਂ ਪੜ੍ਹਿਆ ਜਾਂਦਾ ਹੈ ਉੱਥੇ ਖੇਡ ਪਾਠ ਭਾਵ ਸਕਰਿਪਟ ਨੂੰ ਰੰਗਮੰਚ ਉੱਤੇ ਅਭਿਨੇਤਾਵਾਂ ਵਲੋਂ ਅਭਿਨੈ ਰਾਹੀਂ ਪੇਸ਼ ਵੀ ਕੀਤਾ ਜਾਂਦਾ ਹੈ। ਆਧੁਨਿਕ ਪੰਜਾਬੀ ਨਾਟਕ ਅੱਜ ਡਾ. ਹਰਚਰਨ ਸਿੰਘ, ਸੰਤ ਸਿੰਘ ਸੇਖੋਂ, ਬਲਵੰਤ ਗਾਰਗੀ, ਸੁਰਜੀਤ ਸੇਠੀ, ਚਰਨਦਾਸ ਸਿੱਧੂ, ਅਜਮੇਰ ਸਿੰਘ ਔਲਖ, ਕਪੂਰ ਸਿੰਘ ਘੁੰਮਣ, ਗੁਰਸ਼ਰਨ ਸਿੰਘ, ਕਰਤਾਰ ਸਿੰਘ ਦੁੱਗਲ, ਡਾ. ਸਤੀਸ਼ ਕੁਮਾਰ ਵਰਮਾ, ਡਾ. ਆਤਮਜੀਤ, ਪਾਲੀ ਭੁਪਿੰਦਰ ਸਿੰਘ, ਦਵਿੰਦਰ ਦਮਨ, ਸਵਰਾਜਬੀਰ ਆਦਿ ਨਾਟਕਕਾਰਾਂ ਦੀਆਂ ਨਾਟ-ਰਚਨਾਵਾਂ ਰਾਹੀਂ ਵਿਕਾਸ ਦੀਆਂ ਉੱਚੀਆਂ ਪੌੜੀਆਂ ਚੜ੍ਹ ਚੁੱਕਾ ਹੈ। ਅੱਜ ਵਰਤਮਾਨ ਸਮੇਂ ਦੀਆਂ ਸਮਾਜਿਕ ਸਮੱਸਿਆਵਾਂ ਤੇ ਝਾਤ ਪਵਾਉਂਦਾ ਨਾਟਕ, ਇੱਕੀਵੀ ਸਦੀ ਵਿਚ ਆਧੁਨਿਕ ਮਨੁੱਖ ਦੇ ਜੀਵਨ ਅਤੇ ਸਮਾਜ ਦੇ ਵਿਭਿੰਨ ਸਰੋਕਾਰਾਂ ਦੀ ਪੇਸ਼ਕਾਰੀ ਕਰਦਾ ਹੈ। ਇਸ ਪਰਚੇ ਰਾਹੀਂ ਇਕਾਂਗੀ ਸੰਗ੍ਰਹਿ 'ਮੰਚ ਘਰ' ਨੂੰ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ ਜੋ ਕਿ ਵੱਖ-ਵੱਖ ਸਮਾਜਿਕ ਸਮੱਸਿਆਵਾਂ ਨੂੰ ਉਜਾਗਰ ਕਰਦੇ ਇਕਾਂਗੀ ਨਾਟਕਾਂ ਦਾ ਸੰਗ੍ਰਹਿ ਹੈ। ਇਸ ਪਰਚੇ ਰਾਹੀਂ 'ਮੰਚ ਘਰ' ਇਕਾਂਗੀ ਸੰਗ੍ਰਹਿ ਵਿਚ ਦਰਜ ਇਕਾਂਗੀਆਂ ਦੇ ਵਿਸ਼ਿਆਂ ਬਾਰੇ ਚਰਚਾ ਕੀਤੀ ਜਾਵੇਗੀ।

ਪੰਜਾਬੀ ਸਾਹਿਤ ਦੇ ਖੇਤਰ ਵਿਚ ਨਾਟਕ ਹਰਮਨ ਪਿਆਰਾ ਸਾਹਿਤ ਰੂਪ ਹੈ ਜੋ ਕਿ ਹਰ ਉਮਰ ਅਤੇ ਵਰਗ ਦੇ ਲੋਕਾਂ ਲਈ ਪ੍ਰੇਰਨਾਦਾਇਕ ਸਿੱਧ ਹੁੰਦਾ ਹੈ। ਨਾਟਕ ਰੰਗਮੰਚ ਦੀਆਂ ਲੋੜਾਂ ਅਤੇ ਸੀਮਾਵਾਂ ਨੂੰ ਧਿਆਨ ਵਿਚ ਰੱਖਕੇ ਹੀ ਲਿਖਿਆ ਜਾਂਦਾ ਹੈ ਅਤੇ ਇਸਦਾ ਰੰਗਮੰਚ ਉੱਪਰ ਪੇਸ਼ ਕੀਤਾ ਜਾਣਾ ਹੀ ਇਸ ਨੂੰ ਬਾਕੀ ਸਾਹਿਤ ਰੂਪਾਂ ਨਾਲੋਂ ਨਿਖੇੜਦਾ ਹੈ।

ਇਸ ਗੱਲ ਦੀ ਪੁਸ਼ਟੀ ਕਰਦਿਆਂ ਗੁਰਦਿਆਲ ਸਿੰਘ ਫੁੱਲ ਨੇ ਲਿਖਿਆ ਹੈ:

'ਨਾਟਕ ਦੀ ਵਿਧਾ ਲਿਖਤੀ ਪਾਠ ਨੂੰ ਅਭਿਨੇਤਾਵਾਂ ਦੇ ਮੰਚ 'ਤੇ ਕੀਤੇ ਅਭਿਨੈ ਰਾਹੀਂ ਦਰਸ਼ਕਾਂ ਦੇ ਸਾਹਮਣੇ ਦਰਸ਼ਕਾਂ ਤੀਕ ਪਹੁੰਚਾਉਣ ਵਾਲੀ ਬਹੁਤ ਹੀ ਵਿਲੱਖਣ ਵਿਧਾ ਹੈ, ਜਿਸ ਰਾਹੀਂ ਲਿਖੇ ਸ਼ਬਦਾਂ 'ਚੋਂ ਕਿਰਿਆ ਰਾਹੀਂ ਸ਼ਬਦਾਂ ਦੇ ਪਾਸਾਰ ਦਾ ਬੋਧ ਹੋ ਜਾਂਦਾ ਹੈ, ਜਿਹੜਾ ਪਾਸਾਰ ਹੀ ਨਾਟਕ ਦੀ ਵਿਲੱਖਣ ਵਿਧਾ ਨੂੰ ਜਨਮ ਦਿੰਦਾ ਹੈ'। [1]

ਪ੍ਰਸਤੁੱਤ ਪਰਚੇ ਵਿਚ ਅਧਿਐਨ ਲਈ ਚੁਣੇ ਗਏ ਇਕਾਂਗੀ ਸੰਗ੍ਰਹਿ 'ਮੰਚ ਘਰ' ਦੇ ਸੰਪਾਦਕ ਡਾ. ਕੁਲਦੀਪ ਸਿੰਘ ਧੀਰ ਅਤੇ ਡਾ. ਹਿਰਦੇਜੀਤ ਸਿੰਘ ਭੋਗਲ ਹਨ। ਇਸ ਸੰਗ੍ਰਹਿ ਵਿਚ ਕੁੱਲ ਛੇ ਇਕਾਂਗੀਆਂ ਸ਼ਾਮਿਲ ਹਨ। ਇਹ ਇਕਾਂਗੀ ਵੱਖ-ਵੱਖ ਨਿਰਦੇਸ਼ਕਾਂ ਵਲੋਂ ਸਟੇਜਾਂ ਉੱਤੇ ਸਫ਼ਲਤਾਪੂਰਵਕ ਮੰਚਿਤ ਕੀਤੇ ਜਾ ਚੁੱਕੇ ਹਨ। ਇਨ੍ਹਾਂ ਇਕਾਂਗੀਆਂ ਦਾ ਲਿਖਤੀ ਰੂਪ ਜਿੱਥੇ ਪਾਠਕਾਂ ਵਲੋਂ ਪਸੰਦ ਕੀਤਾ ਜਾਂਦਾ ਰਿਹਾ ਹੈ ਉੱਥੇ ਇਨ੍ਹਾਂ ਇਕਾਂਗੀਆਂ ਨੂੰ ਵੱਖ-ਵੱਖ ਮੰਚਾਂ ਤੇ ਪੇਸ਼ਕਾਰੀ ਦੌਰਾਨ ਦਰਸ਼ਕਾਂ ਵਲੋਂ ਵੀ ਸਲਾਹਿਆ ਗਿਆ ਹੈ। ਇਨ੍ਹਾਂ ਇਕਾਂਗੀਆਂ ਦੇ ਸਿਰਲੇਖ ਅਤੇ ਲੇਖਕਾਂ ਦੇ ਨਾਮ ਹੇਠ ਲਿਖੇ ਅਨੁਸਾਰ ਹਨ:

| | **ਇਕਾਂਗੀ** | **ਲੇਖਕ** |
|---|---|---|
| 1. | ਬੇਬੇ ਰਾਮ ਭਜਨੀ | ਈਸ਼ਵਰ ਚੰਦਰ ਨੰਦਾ |
| 2. | ਦੂਜਾ ਵਿਆਹ | ਪ੍ਰਿੰ. ਸੰਤ ਸਿੰਘ ਸੇਖੋਂ |
| 3. | ਮਨ ਦੀਆਂ ਮਨ ਵਿਚ | ਡਾ. ਹਰਚਰਨ ਸਿੰਘ |
| 4. | ਅੱਖ ਅੱਗੇ ਕੱਖ | ਡਾ. ਅਮਰੀਕ ਸਿੰਘ |
| 5. | ਬ੍ਰਹਮ ਭੋਜ | ਅਜਮੇਰ ਸਿੰਘ ਔਲਖ |
| 6. | ਕੁੱਤਾ ਤੇ ਮਨੁੱਖ | ਡਾ. ਆਤਮਜੀਤ ਸਿੰਘ |

'ਬੇਬੇ ਰਾਮ ਭਜਨੀ' ਈਸ਼ਵਰ ਚੰਦਰ ਨੰਦਾ ਦਾ ਲਿਖਿਆ ਹੋਇਆ ਇਕ ਮਹੱਤਵਪੂਰਨ ਅਤੇ ਵਿਅੰਗ ਭਰਪੂਰ ਇਕਾਂਗੀ ਹੈ ਜੋ ਕਿ 'ਮੰਚ ਘਰ' ਇਕਾਂਗੀ ਸੰਗ੍ਰਹਿ ਵਿਚ ਦਰਜ ਪਹਿਲਾ ਇਕਾਂਗੀ ਹੈ। ਸਾਡੇ ਸਮਾਜ ਵਿਚ ਧਰਮ ਦਾ ਸ਼ੁਰੂ ਤੋਂ ਹੀ ਬੋਲਬਾਲਾ ਰਿਹਾ ਹੈ। ਧਰਮ ਦੇ ਠੇਕੇਦਾਰ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਨਾ ਸਮਝਦੇ ਹੋਏ ਉਨ੍ਹਾਂ ਦੇ ਭੋਲੇਪਨ ਦਾ ਹਮੇਸ਼ਾ ਲਾਭ ਉਠਾਉਂਦੇ ਰਹੇ ਹਨ। ਆਪਣੀਆਂ ਜੇਬਾਂ ਭਰਨ ਦੇ ਲਈ ਉਹ ਲੋਕਾਂ ਕੋਲੋਂ ਪਰਮਾਤਮਾ ਦੇ ਨਾਮ ਤੇ ਦਾਨ ਕਰਵਾਉਂਦੇ ਹਨ ਅਤੇ ਦਾਨੀਆਂ ਨੂੰ ਠੱਗਦੇ ਹਨ। ਬੇਬੇ ਰਾਮ ਭਜਨੀ ਇਕਾਂਗੀ ਵੀ ਅਜਿਹੇ ਹੀ ਧਰਮ ਦੇ ਠੇਕੇਦਾਰਾਂ ਦੇ ਉੱਪਰ ਵਿਅੰਗ ਕਰਦਾ

ਹੈ ਜਿਹੜੇ ਬੇਬੇ ਰਾਮ ਭਜਨੀ ਵਰਗੇ ਮਾਸੂਮ ਅਤੇ ਸਿੱਧੇ ਸਾਦੇ ਲੋਕਾਂ ਨੂੰ ਦਾਨ ਦੇ ਨਾਮ ਨਾਲ ਲੁੱਟਦੇ ਹਨ। ਇਸ ਇਕਾਂਗੀ ਦੇ ਵਿਸ਼ੇ ਬਾਰੇ ਸਤਨਾਮ ਸਿੰਘ ਦੇ ਵਿਚਾਰ ਹੇਠ ਲਿਖੇ ਅਨੁਸਾਰ ਹਨ:

ਈਸ਼ਵਰ ਚੰਦਰ ਨੰਦਾ ਨੇ ਬੇਬੇ ਰਾਮ ਭਜਨੀ ਇਕਾਂਗੀ ਰਾਹੀਂ ਧਰਮ ਸੰਸਕ੍ਰਿਤੀ ਦੇ ਇਕ ਮਹੱਤਵਪੂਰਣ ਮੁੱਲ ਦਾਨ-ਪੁੰਨ ਉਤੇ ਵਿਅੰਗ ਕੀਤਾ ਹੈ। [2]

ਇਸ ਇਕਾਂਗੀ ਵਿਚ ਲੇਖਕ ਨੇ ਅਗਿਆਨਤਾ ਕਾਰਨ ਦਾਨ-ਪੁੰਨ ਕਰਨ ਦੀ ਪ੍ਰਵਿਰਤੀ ਨਾਲ ਜੁੜੇ ਭੋਲੇ ਭਾਲੇ ਲੋਕਾਂ ਦਾ ਪਾਖੰਡੀ, ਧੋਖੇਬਾਜ਼ ਅਤੇ ਝੂਠੇ ਸਾਧੂਆਂ ਜਾਂ ਧਰਮ ਦੇ ਠੇਕੇਦਾਰਾਂ ਹੱਥੋਂ ਠੱਗੇ ਜਾਣ ਦੀ ਸਮੱਸਿਆ ਨੂੰ ਪੇਸ਼ ਕੀਤਾ ਗਿਆ ਹੈ। ਡਾ. ਰੋਸ਼ਨ ਲਾਲ ਅਹੂਜਾ ਦੇ ਸ਼ਬਦਾਂ ਵਿਚ:

ਇਸ ਦੇ ਨਾਟਕਕਾਰ ਨੇ ਧਰਮੀਆਂ ਵਿਚ ਅੰਧਵਿਸ਼ਵਾਸ ਅਤੇ ਪਾਂਧਿਆਂ ਅਤੇ ਸਾਧੂਆਂ ਦੀਆਂ ਠੱਗੀਆਂ ਉਤੇ ਵਿਅੰਗ ਕੀਤਾ ਹੈ।[3]

ਆਈ. ਸੀ. ਨੰਦਾ ਇਸ ਇਕਾਂਗੀ ਵਿਚ ਵਾਪਰਨ ਵਾਲੀਆਂ ਘਟਨਾਵਾਂ ਅਤੇ ਪਾਤਰਾਂ ਦੇ ਆਪਸੀ ਵਾਰਤਾਲਾਪ ਰਾਹੀਂ ਇਹ ਦੱਸਦਾ ਹੈ ਕਿ ਕਿਵੇਂ ਪਾਖੰਡੀ, ਝੂਠੇ ਸਾਧੂ ਜਾਂ ਪਾਂਧੇ ਆਪਣਾ ਸਵਾਰਥ ਪੂਰਾ ਕਰਨ ਲਈ ਪਰਮਾਤਮਾ ਅਤੇ ਦਾਨ-ਪੁੰਨ ਵਿਚ ਵਿਸ਼ਵਾਸ ਰੱਖਣ ਵਾਲੇ ਬੇਬੇ ਰਾਮ ਭਜਨੀ ਵਰਗੇ ਗਰੀਬ, ਭੋਲੇ ਭਾਲੇ ਅਤੇ ਮਾਸੂਮ ਲੋਕਾਂ ਨੂੰ ਆਪਣੇ ਜਾਲ ਵਿਚ ਫਸਾਉਂਦੇ ਅਤੇ ਠੱਗਦੇ ਹਨ।

ਨੰਦੇ ਵਲੋਂ ਲਿਖੀ ਗਈ ਇਕਾਂਗੀ 'ਬੇਬੇ ਰਾਮ ਭਜਨੀ' ਇਕ ਪਾਤਰ ਪ੍ਰਧਾਨ ਇਕਾਂਗੀ ਹੈ ਜਿਸ ਵਿਚ ਮੁੱਖ ਪਾਤਰ ਰਾਮ ਭਜਨੀ ਦੀ ਮਾਨਸਿਕ ਸਥਿਤੀ ਨੂੰ ਪੇਸ਼ ਕੀਤਾ ਗਿਆ ਹੈ। ਰਾਮ ਭਜਨੀ ਪਰਮਾਤਮਾ ਦੀ ਭਗਤੀ ਅਤੇ ਦਾਨ ਪੁੰਨ ਵਿਚ ਵਿਸ਼ਵਾਸ ਕਰਦੀ ਹੈ। ਔਲਾਦ ਤੋਂ ਵਾਂਝੀ ਅਤੇ ਨਸ਼ੇੜੀ ਪਤੀ ਦੀ ਸਤਾਈ ਹੋਈ ਰਾਮ ਭਜਨੀ ਦੁਨੀਆਂ ਅਤੇ ਦੁਨਿਆਵੀ ਰਿਸ਼ਤਿਆਂ ਤੋਂ ਉਪਰਾਮ ਹੋਣਾਂ ਲੋਚਦੀ ਹੈ ਅਤੇ ਆਪਣੀ ਸਾਰੀ ਸੰਪਤੀ ਦਾਨ ਕਰ ਦੇਣਾ ਚਾਹੁੰਦੀ ਹੈ। ਆਪਣੀ ਗੁਆਂਢਣ ਨਾਲ ਵਾਰਤਾਲਾਪ ਕਰਦੀ ਹੋਈ ਉਹ ਦਾਨ ਪੁੰਨ ਕਰਨ ਤੋਂ ਬਾਅਦ ਤੀਰਥਾਂ ਦੀ ਯਾਤਰਾ ਕਰਨ ਦੀ ਇੱਛਾ ਜਾਹਿਰ ਕਰਦੀ ਹੈ। ਉਦਾਹਰਣ:

ਰਾਮ ਭਜਨੀ: ਬੇਬੇ, ਮੈਂ ਅੱਜ ਤੋਂ ਦੁਨੀਆਂ ਛੱਡੀ, ਕੀ ਰੱਖਿਆ ਏ ਦੁਨੀਆਂ ਵਿਚ। ਜਿਹੜੇ ਚਾਰ ਦਿਹਾੜੇ ਹੋਰ ਰਹਿੰਦੇ ਨੇ, ਉਹ ਤੀਰਥਾਂ ਤੇ ਕੱਟਾਂਗੀ। ਜੋ ਕੁਝ ਮੇਰੇ ਕੋਲ ਏ, ਸੱਭ ਦਾਨ ਕਰ ਦੇਣਾ ਏਂ ਤੇ ਤੀਰਥ ਕਰਕੇ ਰਾਮ ਨਾਮ ਈ ਜਪਣਾ ਏਂ। [4]

ਇਕਾਂਗੀ ਦੀ ਸ਼ੁਰੂਆਤ ਵਿਚ ਰਾਮ ਭਜਨੀ ਆਪਣੀ ਗੁਆਂਢਣ ਹੱਥ ਪਾਂਧੇ ਅਤੇ ਸਾਧੂ ਨੂੰ ਸੱਦਾ ਭੇਜਦੀ ਹੈ। ਗੁਆਂਢਣ ਦੇ ਭੇਜਣ ਤੇ ਇਕ ਸਾਧੂ ਉਸ ਦੇ ਘਰ ਆ ਜਾਂਦਾ ਹੈ। ਸਾਧੂ ਲਾਲਚੀ ਅਤੇ ਪਾਂਖੰਡੀ ਹੁੰਦਾ ਹੈ ਜੋ ਕਿ ਰਾਮ ਭਜਨੀ ਦੀ ਘਰੇਲੂ ਹਾਲਤ ਅਤੇ ਭੋਲੀ ਭਾਲੀ ਮਾਨਸਿਕਤਾ ਨੂੰ ਭਲੀਭਾਂਤ ਸਮਝ ਜਾਂਦਾ ਹੈ। ਉਹ ਬੜੀ ਚਲਾਕੀ ਨਾਲ ਰਾਮ ਭਜਨੀ ਤੋਂ ਘਰ ਦਾ ਕੀਮਤੀ ਸਮਾਨ ਜਿਵੇਂ ਕਪੜੇ, ਬਰਤਨ ਅਤੇ ਸੋਨੇ ਦੀਆਂ ਵਾਲੀਆਂ ਲੈ ਜਾਂਦਾ ਹੈ। ਸਾਧੂ ਦੇ ਜਾਣ ਤੋਂ ਕੁਝ ਸਮਾਂ ਬਾਅਦ ਪਾਂਧਾ ਆਉAਦਾ ਹੈ ਜੋ ਕਿ ਰਾਮ ਭਜਨੀ ਤੋਂ ਗਹਿਣਿਆਂ ਵਾਲਾ ਬਕਸਾ, ਰੇਸ਼ਮੀ ਕਪੜੇ ਅਤੇ ਗਾਗਰਾਂ ਵੀ ਲੈ ਜਾਂਦਾ ਹੈ। ਇਸ ਤਰ੍ਹਾਂ ਸਾਧੂ ਤੇ ਪਾਂਧਾ ਰਾਮ ਭਜਨੀ ਤੋਂ ਸਾਰਾ ਕੀਮਤੀ ਸਮਾਨ ਠੱਗ ਕੇ ਲੈ ਜਾਂਦੇ ਹਨ। ਅੰਤ ਵਿਚ ਰਾਮ ਭਜਨੀ ਜਦੋਂ ਪਾਂਧੇ ਦੇ ਪੁੱਤਰ ਨੂੰ ਵੀ ਆਪਣੇ ਪਤੀ ਨਾਲ ਜੂਆ ਖੇਡਦਿਆਂ ਦੇਖਦੀ ਹੈ ਤਾਂ ਆਪਣੇ ਵਲੋਂ ਉਸ ਦੇ ਪਿਤਾ ਪਾਂਧੇ ਨੂੰ ਦਿੱਤੇ ਦਾਨ ਉੱਤੇ ਪਛਤਾਉਂਦੀ ਹੈ। ਇਕਾਂਗੀ ਵਿਚਲੀ ਇਸ ਘਟਨਾ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਦਾਨ ਵਿਚ ਦਿੱਤੇ ਅਤੇ ਜੂਏ ਵਿਚ ਹਾਰੇ ਧੰਨ ਵਿਚ ਕੋਈ ਅੰਤਰ ਨਹੀਂ ਹੁੰਦਾ ਹੈ। ਇਸ ਤਰ੍ਹਾਂ ਨੰਦੇ ਦਾ ਇਹ ਇਕਾਂਗੀ ਧਰਮ ਵਿਚ ਵਿਸ਼ਵਾਸ ਰੱਖਣ ਵਾਲਿਆਂ ਲੋਕਾਂ ਨੂੰ ਠੱਗਣ ਵਾਲੇ ਧਾਰਮਿਕ ਆਗੂਆਂ ਉੱਤੇ ਵਿਅੰਗ ਕਰਦਾ ਹੈ।

'ਮੰਚ ਘਰ' ਇਕਾਂਗੀ ਸੰਗ੍ਰਹਿ ਦਾ ਅਗਲਾ ਇਕਾਂਗੀ 'ਦੂਜਾ ਵਿਆਹ ਹੈ ਜੋ ਕਿ ਪੰਜਾਬੀ ਦੇ ਪ੍ਰਸਿੱਧ ਨਾਟਕਕਾਰ ਸੰਤ ਸਿੰਘ ਸੇਖੋਂ ਦਾ ਲਿਖਿਆ ਹੋਇਆ ਹੈ ਅਤੇ ਉਸ ਦੇ ਇਕਾਂਗੀ ਸੰਗ੍ਰਹਿ 'ਨਾਟ-ਸੁਨੇਹੇ' ਵਿਚ ਦਰਜ ਹੈ। ਇਹ ਇਕਾਂਗੀ ਘਰੇਲੂ ਅਤੇ ਪਰਿਵਾਰਕ ਮਸਲਿਆਂ ਨੂੰ ਪੇਸ਼ ਕਰਨ ਦੇ ਨਾਲ ਨਾਲ ਅਜਿਹੀਆਂ ਸੱਸਾਂ ਦੀ ਸੋਚ ਉੱਪਰ ਵੀ ਵਿਅੰਗ ਕਰਦਾ ਹੈ ਜੋ ਆਪਣੀਆਂ ਧੀਆਂ ਲਈ ਸਹੁਰੇ ਘਰ ਵਿਚ ਰਾਜ ਚਾਹੁੰਦੀਆਂ ਹਨ ਅਤੇ ਜਵਾਈ ਧੀ ਦੇ ਅਧੀਨ ਹੋਣਾ ਲੋਚਦੀਆਂ ਹਨ ਪਰੰਤੂ ਆਪਣੀਆਂ ਨੂੰਹਾਂ ਨਾਲ ਫਰਕ ਕਰਦੀਆਂ ਹਨ। ਉਹ ਨੂੰਹਾਂ ਨੂੰ ਸਦਾ ਪੁੱਤਰ ਦਾ ਦੂਜਾ ਵਿਆਹ ਕਰਵਾਉਣ ਦੀਆਂ ਧਮਕੀਆਂ ਦਿੰਦੀਆਂ ਰਹਿੰਦੀਆਂ ਹਨ। ਅਜਿਹੀਆਂ ਔਰਤਾਂ ਦੀਆਂ ਜਦੋਂ ਆਪਣੀਆਂ ਧੀਆਂ ਨਾਲ ਸਹੁਰੇ ਘਰ ਵਿਚ ਬੁਰਾ ਵਿਵਹਾਰ ਕੀਤਾ ਜਾਂਦਾ ਹੈ ਤਾਂ ਫਿਰ ਦੁਖੀ ਹੁੰਦੀਆਂ ਹਨ। ਇਸ ਇਕਾਂਗੀ ਵਿਚ ਵਿਸ਼ੇ ਦੀ ਪੇਸ਼ਕਾਰੀ ਲਈ ਨਾਟਕਕਾਰ ਨੇ ਢੁੱਕਵੇਂ ਅਤੇ ਸੀਮਤ ਪਾਤਰਾਂ ਦੀ ਵਰਤੋਂ ਕੀਤੀ ਹੈ, ਜਿਨ੍ਹਾਂ ਵਿਚ ਨਿਹਾਲ ਕੌਰ, ਸੱਸ ਅਤੇ ਮਨਜੀਤ ਕੌਰ ਉਸ ਦੀ ਨੂੰਹ ਦੀ ਭੂਮਿਕਾ ਨਿਭਾਉਂਦੀ ਹੈ। ਇਕਾਂਗੀ ਦੇ ਪਾਤਰਾਂ ਦੇ ਆਪਸੀ ਵਾਰਤਾਲਾਪ ਤੋਂ ਇਹ ਪਤਾ

ਚੱਲਦਾ ਹੈ ਕਿ ਨਿਹਾਲ ਕੌਰ ਦੀ ਸੱਸ ਨੇ ਆਪਣੇ ਪੁੱਤਰ (ਨਿਹਾਲ ਕੌਰ ਦੇ ਪਤੀ) ਦਾ ਦੂਜਾ ਵਿਆਹ ਕਰਵਾਇਆ ਹੋਇਆ ਸੀ ਜਿਸ ਕਰਕੇ ਨਿਹਾਲ ਕੌਰ ਨੂੰ ਘਰ ਵਿਚ ਸੌਂਕਣ ਦੇ ਨਾਲ-ਨਾਲ ਸੱਸ ਦੇ ਕੁਪੱਤੇ ਸੁਭਾਅ ਨੂੰ ਵੀ ਸਹਿਣਾ ਪਿਆ ਸੀ। ਇਨ੍ਹਾਂ ਹਲਾਤਾਂ ਨਾਲ ਜੂਝਦੀ ਨਿਹਾਲ ਕੌਰ ਦਾ ਸੁਭਾਅ ਵੀ ਹੁਣ ਚਿੜਚਿੜਾ ਹੋ ਗਿਆ ਸੀ ਅਤੇ ਉਹ ਵਰਤਮਾਨ ਸਮੇਂ ਵਿਚ ਆਪਣੀ ਨੂੰਹ ਨਾਲ ਵੀ ਆਪਣੀ ਸੱਸ ਵਾਂਗ ਹੀ ਵਿਵਹਾਰ ਕਰਨ ਲੱਗ ਜਾਂਦੀ ਹੈ। ਉਸ ਨੂੰ ਨੂੰਹ ਨਾਲ ਅਜਿਹਾ ਬੁਰਾ ਵਿਵਹਾਰ ਕਰਦਿਆਂ ਜ਼ਰਾ ਵੀ ਦੁੱਖ ਮਹਿਸੂਸ ਨਾ ਹੁੰਦਾ। ਇਕ ਦਿਨ ਉਸ ਦੀ ਧੀ ਦੀ ਚਿੱਠੀ ਆਉਂਦੀ ਹੈ ਜਿਸ ਨੂੰ ਸੁਣਕੇ ਉਸ ਦੇ ਹੋਸ਼ ਉੱਡ ਜਾਂਦੇ ਹਨ। ਉਸ ਚਿੱਠੀ ਰਾਹੀਂ ਉਸ ਨੂੰ ਪਤਾ ਚਲਦਾ ਹੈ ਕਿ ਉਸ ਦਾ ਜਵਾਈ ਦੂਜਾ ਵਿਆਹ ਕਰਵਾਉAਣਾ ਚਾਹੁੰਦਾ ਹੈ। ਇਹ ਜਾਣ ਕੇ ਨਿਹਾਲ ਕੌਰ ਪਰੇਸ਼ਾਨ ਹੁੰਦੀ ਹੈ ਅਤੇ ਉਹ ਧੀ ਦੀ ਜ਼ਿੰਦਗੀ ਖਰਾਬ ਹੋ ਜਾਣ ਦੇ ਡਰ ਕਾਰਨ ਰੋਣ ਲੱਗ ਪੈਂਦੀ ਹੈ। ਪਰੰਤੂ ਜਦੋਂ ਨਿਹਾਲ ਕੌਰ ਨੂੰ ਇਹ ਪਤਾ ਲੱਗਦਾ ਹੈ ਕਿ ਚਿੱਠੀ ਵਿਚ ਦੂਜੇ ਵਿਆਹ ਦੀ ਗੱਲ ਉਸ ਦੇ ਜਵਾਈ ਨੇ ਮਜ਼ਾਕ ਨਾਲ ਹੀ ਲਿਖੀ ਸੀ ਤਾਂ ਉਸ ਨੂੰ ਸੁੱਖ ਦਾ ਸਾਹ ਆਉਂਦਾ ਹੈ। ਜਵਾਈ ਵਲੋਂ ਲਿਖੀ ਗਈ ਚਿੱਠੀ ਤੋਂ ਨਿਹਾਲ ਕੌਰ ਨੂੰ ਵੀ ਸਿੱਖਿਆ ਮਿਲ ਜਾਂਦੀ ਹੈ ਅਤੇ ਉਸ ਨੂੰ ਮਨਜੀਤ ਨਾਲ ਕੀਤੇ ਬੁਰੇ ਵਿਵਹਾਰ ਦਾ ਪਛਤਾਵਾ ਹੁੰਦਾ ਹੈ। ਇਉਂ ਇਸ ਇਕਾਂਗੀ ਦਾ ਅੰਤ ਸੁਖਾਂਤਕ ਹੁੰਦਾ ਹੈ। ਲੇਖਕ ਇਸ ਇਕਾਂਗੀ ਰਾਹੀਂ ਇਹ ਵੀ ਸਪੱਸ਼ਟ ਕਰਨਾ ਚਾਹੁੰਦਾ ਹੈ ਕਿ ਔਰਤ ਜੇਕਰ ਰਿਸ਼ਤਿਆਂ ਦੀ ਅਹਿਮੀਅਤ ਨੂੰ ਸਮਝਦੀ ਹੋਈ ਸੂਝਬੂਝ ਅਤੇ ਸਮਝਦਾਰੀ ਨਾਲ ਕੰਮ ਲਏ ਤਾਂ ਨੂੰਹ ਸੱਸ ਵਰਗੇ ਰਿਸ਼ਤੇ ਨੂੰ ਵੀ ਉਲਝਣ ਤੋਂ ਬਚਾਇਆ ਜਾ ਸਕਦਾ ਹੈ। ਇਕਾਂਗੀ ਵਿਚ ਮਨਜੀਤ ਪੜ੍ਹੀ ਲਿਖੀ ਅਤੇ ਹੱਸਮੁੱਖ ਸੁਭਾਅ ਦੀ ਮਾਲਿਕ ਹੁੰਦੀ ਹੈ। ਉਹ ਆਪਣੀ ਸੱਸ ਦੀ ਕਹੀ ਹੋਈ ਹਰ ਗੱਲ ਨੂੰ ਹੱਸਕੇ ਸਹਾਰਦੀ ਅਤੇ ਮਜ਼ਾਕ ਨਾਲ ਟਾਲ ਦਿੰਦੀ ਹੈ। ਜਿਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਘਰ ਵਿਚ ਕਲੇਸ਼ ਹੋਣ ਤੋਂ ਬਚਿਆ ਰਹਿੰਦਾ ਹੈ।

'ਮਨ ਦੀਆਂ ਮਨ ਵਿਚ' ਇਕਾਂਗੀ 'ਮੰਚ ਘਰ' ਇਕਾਂਗੀ ਸੰਗ੍ਰਹਿ ਦਾ ਤੀਜਾ ਇਕਾਂਗੀ ਹੈ। ਇਹ ਇਕਾਂਗੀ ਡਾ. ਹਰਚਰਨ ਸਿੰਘ ਦਾ ਲਿਖਿਆ ਹੋਇਆ ਹੈ ਅਤੇ ਸਫ਼ਲਤਾਪੂਰਵਕ ਮੰਚ ਉੱਤੇ ਪੇਸ਼ ਵੀ ਕੀਤਾ ਜਾ ਚੁੱਕਾ ਹੈ। ਉੱਘੇ ਇਕਾਂਗੀ ਦੁਖਾਂਤਾਂ ਵਿਚੋ ਇਕ 'ਮਨ ਦੀਆਂ ਮਨ ਵਿਚ' ਹੈ ਜੋ ਕਈ ਆਲੋਚਕਾਂ ਨੇ ਨਜ਼ਰੋਂ ਉਹਲੇ ਕਰ ਦਿੱਤਾ ਹੈ।[5] ਇਹ ਇਕਾਂਗੀ ਮਰਦ ਪ੍ਰਧਾਨ ਸਮਾਜ ਵਲੋਂ ਔਰਤ ਨੂੰ ਦਬਾਅ ਕੇ ਰੱਖਣ ਦੀ ਪ੍ਰਵਿਰਤੀ ਉੱਪਰ ਵਿਅੰਗ ਕਰਦਾ ਹੈ ਅਤੇ ਜਗੀਰਦਾਰੀ ਸਮਾਜ ਵਿਚ ਔਰਤ ਨੂੰ ਮਰਦ ਦੇ ਬਰਾਬਰ ਅਧਿਕਾਰ ਨਾ ਦੇਣ ਦੀ

ਪ੍ਰਵਿਰਤੀ ਉੱਪਰ ਕਟਾਖਸ਼ ਕਰਦਾ ਹੈ। ਲੇਖਕ ਅੰਬੋ ਦੇ ਕਿਰਦਾਰ ਰਾਹੀਂ ਔਰਤ ਦੀ ਦੁਖਾਂਤਕ ਸਥਿਤੀ ਤੋਂ ਪਾਠਕਾਂ ਨੂੰ ਜਾਣੂ ਕਰਵਾਉਂਦਾ ਹੋਇਆ ਇਹ ਸਪੱਸ਼ਟ ਕਰਦਾ ਹੈ ਕਿ ਮਰਦ ਪ੍ਰਧਾਨ ਸਮਾਜ ਵਿਚ ਔਰਤ ਦੀਆਂ ਰੀਝਾਂ ਜਾਂ ਸਧਰਾਂ ਨੂੰ ਨਾ ਕੋਈ ਸਮਝਦਾ ਸੀ ਤੇ ਨਾ ਕੋਈ ਵਿਚਾਰਦਾ ਸੀ। ਉਸਦੇ ਚਾਵਾਂ ਜਾਂ ਇੱਛਾਵਾਂ ਦੀ ਕੋਈ ਪਰਵਾਹ ਨਹੀਂ ਕੀਤੀ ਜਾਂਦੀ ਸੀ ਜਿਸ ਕਾਰਨ ਉਹ ਆਪਣੀਆਂ ਇੱਛਾਵਾਂ ਨੂੰ ਆਪਣੇ ਮਨ ਅੰਦਰ ਹੀ ਦਬਾ ਕੇ ਰੱਖਦੀ ਸੀ। ਔਰਤ ਸਦਾ ਪਿਤਾ ਜਾਂ ਭਰਾ ਦੇ ਹੁਕਮ ਅਧੀਨ ਵਿਚਰਦੀ ਹੋਈ ਵਿਆਹ ਉਪਰੰਤ ਵੀ ਪਤੀ ਦੀ ਗ਼ੁਲਾਮੀ ਨੂੰ ਵੀ ਸਹਿਣ ਕਰਨ ਲਈ ਮਜਬੂਰ ਹੁੰਦੀ ਸੀ। ਉਦਾਹਰਨ:

ਅੰਬੋ: (ਲੰਬਾ ਸਾਹ ਲੈ ਕੇ) ਪਰ ਕੁੜੀਆਂ ਦੀਆਂ ਮਨ ਦੀਆਂ ਮਨ ਵਿਚ ਹੀ ਰਹਿ ਜਾਂਦੀਆਂ ਨੇ। ਮਾਪੇ ਜੀਹਦੇ ਨਾਲ ਮਰਜੀ ਏ ਨਰੜ ਦਿੰਦੇ ਨੇ। ਜੂਨ ਭੋਗਣ ਵਾਲੀ ਗੱਲ ਹੁੰਦੀ ਏ।[6]

'ਮਨ ਦੀਆਂ ਮਨ ਵਿਚ' ਇਕਾਂਗੀ ਦੀ ਮੁੱਖ ਪਾਤਰ ਅੰਬੋ ਹੈ। ਅੰਬੋ ਸ਼ੇਰੂ ਨੂੰ ਪਸੰਦ ਕਰਦੀ ਸੀ ਪਰੰਤੂ ਉਸ ਦੀ ਪਸੰਦ ਨੂੰ ਕੋਈ ਨਹੀਂ ਸਵੀਕਾਰੇਗਾ, ਇਹ ਸੋਚਕੇ ਉਹ ਪੇਕਿਆਂ ਦੇ ਹੁਕਮ ਅਨੁਸਾਰ ਕਰਮੇ ਨਾਲ ਵਿਆਹ ਕਰਵਾ ਲੈਂਦੀ ਹੈ। ਪਰੰਤੂ ਕਰਮਾ ਇਕ ਨਸ਼ੇੜੀ ਵਿਅਕਤੀ ਹੁੰਦਾ ਹੈ ਜੋ ਅੰਬੋ ਨੂੰ ਛੱਡ ਕੇ ਚਲਾ ਜਾਂਦਾ ਹੈ। ਉਸ ਨੂੰ ਗਏ ਨੂੰ ਚੌਦਾਂ ਸਾਲ ਹੋ ਜਾਂਦੇ ਹਨ। ਇਨ੍ਹਾਂ ਸਾਲਾਂ ਦੌਰਾਨ ਕਰਮਾ ਨਾ ਅੰਬੋ ਦੀ ਸਾਰ ਲੈਂਦਾ ਹੈ ਨਾ ਆਪਣੀ ਸੁੱਖ ਸਾਂਦ ਉਸ ਨੂੰ ਭੇਜਦਾ ਹੈ। ਜਿਸ ਕਾਰਨ ਕਰਮੇ ਨੂੰ ਮਰਿਆ ਹੋਇਆ ਸਮਝਕੇ ਪਿੰਡ ਵਾਲੇ ਅੰਬੋ ਦਾ ਵਿਆਹ ਸ਼ੇਰੂ ਨਾਲ ਕਰਨ ਲਈ ਤਿਆਰ ਹੋ ਜਾਂਦੇ ਹਨ। ਅੰਬੋ ਆਪਣੀ ਪਸੰਦ ਦੇ ਜੀਵਨ ਸਾਥੀ ਨਾਲ ਵਿਆਹ ਕਰਵਾਉAਣ ਵਾਲੀ ਰੀਝ ਪੂਰੀ ਹੋਣ ਦੀ ਆਸ ਨਾਲ ਖੁਸ਼ ਹੋ ਜਾਂਦੀ ਹੈ। ਪਰੰਤੂ ਕਰਮੋ (ਕਰਮੇ ਦੀ ਭੈਣ) ਇਸਦਾ ਵਿਰੋਧ ਕਰਦੀ ਹੈ ਅਤੇ ਅੰਬੋ ਦੀ ਮਾੜੀ ਕਿਸਮਤ ਨੂੰ ਕਰਮਾ ਫਿਰ ਵਾਪਿਸ ਆ ਜਾਂਦਾ ਹੈ। ਜਿਸ ਕਾਰਨ ਅੰਬੋ ਦਾ ਵਿਆਹ ਸ਼ੇਰੂ ਨਾਲ ਹੋਣੋ ਰੁੱਕ ਜਾਂਦਾ ਹੈ। ਪਿੰਡ ਵਾਲੇ ਸਾਰਾ ਸੱਚ ਅਤੇ ਹਲਾਤਾਂ ਨੂੰ ਜਾਣਨ ਦੇ ਬਾਵਜੂਦ ਵੀ ਅੰਬੋ ਨੂੰ ਕਰਮੇ ਨਾਲ ਜੀਵਨ ਗੁਜਾਰਨ ਲਈ ਛੱਡ ਜਾਂਦੇ ਹਨ। ਕੋਈ ਉਸ ਦੇ ਪੱਖ ਵਿਚ ਨਹੀਂ ਖੜਦਾ। ਅੰਤ ਅੰਬੋ ਆਪਣੇ ਮਨ ਦੀਆਂ ਰੀਝਾਂ ਮਨ ਵਿਚ ਦਬਾਉਂਦੀ ਹੋਈ ਕਰਮੇ ਨਾਲ ਰਹਿਣ ਨੂੰ ਮਜਬੂਰ ਦਿਖਾਈ ਦਿੰਦੀ ਹੈ। ਇਸ ਤਰ੍ਹਾਂ ਇਹ ਇਕਾਂਗੀ ਅੰਬੋ ਦੇ ਦੁਖਾਂਤ ਨੂੰ ਪੇਸ਼ ਕਰਦਾ ਹੋਇਆ ਅੰਤ ਤਕ ਪਹੁੰਚਦਾ ਹੈ।

'ਅੱਖ ਔਗੇ ਕੱਖ' ਇਕਾਂਗੀ ਵੀ 'ਮੰਚ ਘਰ' ਇਕਾਂਗੀ ਸੰਗ੍ਰਹਿ ਦਾ ਮਹੱਤਵਪੂਰਨ ਇਕਾਂਗੀ ਹੈ, ਜੋ ਡਾ. ਅਮਰੀਕ ਸਿੰਘ ਦਾ ਲਿਖਿਆ ਹੋਇਆ ਹੈ। ਅਮਰੀਕ ਸਿੰਘ ਇਕ ਅਜਿਹਾ ਸਫ਼ਲ

ਨਾਟਕਕਾਰ ਹੈ ਜਿਸਨੂੰ ਆਪਣੇ ਨਾਟਕਾਂ ਜਾਂ ਇਕਾਂਗੀਆਂ ਦੇ ਵਿਸ਼ੇ ਦੀ ਚੋਣ ਲਈ ਖਾਸ ਤਸ਼ੱਦਦ ਨਹੀਂ ਕਰਨੀ ਪੈਂਦੀ। ਉਹ ਆਪਣੀ ਨਾਟ-ਰਚਨਾਵਾਂ ਦੇ ਵਿਸ਼ੇ ਜਨ ਸਾਧਾਰਣ ਵਿਚੋਂ ਚੁਣਦਾ ਹੈ ਅਤੇ ਮੰਚੀ ਪੇਸ਼ਕਾਰੀ ਦੌਰਾਨ ਕਾਮਯਾਬੀ ਹਾਸਿਲ ਕਰਦਾ ਹੈ। 'ਅੱਖ ਅੱਗੇ ਕੱਖ' ਇਕ ਸਿੱਖਿਆਦਾਇਕ ਇਕਾਂਗੀ ਹੈ ਜਿਸ ਵਿਚ ਲੇਖਕ ਨੇ ਵਿਸ਼ੇ ਦੀ ਪੇਸ਼ਕਾਰੀ ਲਈ ਓਹਲੇ ਦੀ ਜੁਗਤ ਦੀ ਵਰਤੋਂ ਕੀਤੀ ਹੈ। ਇਹ ਇਕਾਂਗੀ ਪਾਠਕਾਂ ਨੂੰ ਇਹ ਸਮਝਾਉਂਦਾ ਹੈ ਕਿ ਸਾਨੂੰ ਕਦੇ ਵੀ ਕਿਸੇ ਦੂਜੇ ਵਿਅਕਤੀ ਨੂੰ ਚੰਗੀ ਤਰ੍ਹਾਂ ਪਰਖੇ ਤੇ ਸਮਝੇ ਬਿਨਾਂ ਉਸ ਦੇ ਕਿਰਦਾਰ ਬਾਰੇ ਆਪਣੀ ਰਾਇ ਨਹੀਂ ਬਣਾ ਲੈਣੀ ਚਾਹੀਦੀ। ਜਰੂਰੀ ਨਹੀ ਕਿ ਜੋ ਤੁਸੀਂ ਦੇਖ ਰਹੇ ਹੋਵੋA ਜਾਂ ਸੋਚ ਰਹੇ ਹੋਵੋA ਉਹ ਸੱਚ ਹੋਵੇ। ਕਈ ਵਾਰ ਅੱਖੀਂ ਦੇਖਿਆ ਵੀ ਸਹੀ ਨਹੀਂ ਹੁੰਦਾ। ਇਸ ਇਕਾਂਗੀ ਵਿਚ ਹੂਜਾ ਜ਼ਿਲੇ ਦਾ ਡਿਪਟੀ ਕਮਿਸ਼ਨਰ, ਰਾਮ ਪਰਸ਼ਾਦ ਦਫਤਰ ਦਾ ਸੂਪਰਡੈਂਟ ਅਤੇ ਅਮਰ ਨਾਥ ਹੈੱਡ ਕਲਰਕ ਦਾ ਕਿਰਦਾਰ ਨਿਭਾਉਂਦੇ ਨਜ਼ਰ ਆਉਂਦੇ ਹਨ। ਅਮਰ ਨਾਥ ਦੀ ਰੀਟਾਇਰਮੈਂਟ ਤੋਂ ਬਾਅਦ ਰਾਮ ਪਰਸ਼ਾਦ, ਰਾਮ ਸਰੂਪ ਦਾ ਨਾਮ ਹੈੱਡ ਕਲਰਕ ਲਈ ਤਜ਼ਵੀਜ਼ ਕਰਦਾ ਹੈ। ਪਰੰਤੂ ਹੂਜਾ ਉਸ ਦੀ ਤਜ਼ਵੀਜ਼ ਨੂੰ ਅਸਵੀਕਾਰ ਕਰ ਦਿੰਦਾ ਹੈ ਕਿਉਂਕਿ ਉਹ ਨਿਯਮਾਂ ਅਨੁਸਾਰ ਮਨਚੰਦੇ ਨੂੰ ਉਹ ਅਹੁਦਾ ਦੇਣਾ ਚਾਹੁੰਦਾ ਹੈ। ਪਰ ਰਾਮ ਪਰਸ਼ਾਦ ਉਸ ਅਹੁਦੇ ਲਈ ਰਾਮ ਸਰੂਪ ਦੇ ਪੱਖ ਵਿਚ ਹੀ ਅੜਿਆ ਰਹਿੰਦਾ ਹੈ। ਅਜਿਹਾ ਕਰਦਾ ਹੋਇਆ ਉਹ ਮਨਚੰਦੇ ਦੀ ਭਲਾਈ ਲਈ ਉਸਦਾ ਅਸਲ ਸੱਚ ਭਾਵ ਸਰੀਰਕ ਕਮੀਂ ਦਾ ਓਹਲਾ ਰੱਖਦਾ ਹੈ। ਉਸ ਨੂੰ ਪਤਾ ਹੈ ਕਿ ਅੱਖਾਂ ਦੀ ਰੋਸ਼ਨੀ ਦੀ ਸਮੱਸਿਆ ਕਾਰਨ ਮਨਚੰਦਾ ਉਸ ਅਹੁਦੇ ਨੂੰ ਨਹੀਂ ਸੰਭਾਲ ਪਾਏਗਾ। ਹੁਣ ਤਕ ਮਨਚੰਦੇ ਦਾ ਸਾਰਾ ਦਫਤਰੀ ਕੰਮ ਉਹ ਆਪ ਕਰਦੇ ਰਹੇ ਹਨ ਤਾਂ ਜੋ ਮਨਚੰਦੇ ਦੀ ਕਮੀਂ ਦਾ ਹੂਜੇ ਨੂੰ ਪਤਾ ਨਾ ਚੱਲੇ ਅਤੇ ਮਨਚੰਦੇ ਦੀ ਰੋਜੀ ਰੋਟੀ ਦਾ ਸਾਧਨ ਬਣਿਆ ਰਹੇ। ਪਰ ਹੈੱਡ ਕਲਰਕ ਦਾ ਅਹੁਦਾ ਉਸ ਦੇ ਸੱਚ ਨੂੰ ਸਾਰਿਆਂ ਸਾਹਮਣੇ ਲਿਆ ਸਕਦਾ ਸੀ ਅਤੇ ਉਸ ਦੀ ਰੋਜੀ ਖੋਹ ਸਕਦਾ ਸੀ। ਇਸ ਲਈ ਉਹ ਮਨਚੰਦੇ ਨੂੰ ਉਹ ਅਹੁਦਾ ਨਹੀਂ ਦਵਾਉਣਾ ਚਾਹੁੰਦਾ ਸੀ। ਪਰ ਦੂਜੇ ਪਾਸੇ ਹੂਜਾ ਇਹ ਸੋਚਦਾ ਹੈ ਕਿ ਰਾਮ ਪਰਸ਼ਾਦ ਹੂਜਾ ਨਾਲ ਈਰਖਾ ਰੱਖਦਾ ਹੈ ਜਿਸ ਕਰਕੇ ਉਹ ਮਨਚੰਦੇ ਨੂੰ ਹੈੱਡ ਕਲਰਕ ਦਾ ਅਹੁਦਾ ਨਹੀਂ ਮਿਲਣ ਦੇਣਾ ਚਾਹੁੰਦਾ। ਹੂਜਾ ਰਾਮ ਪਰਸ਼ਾਦ ਵਲੋਂ ਰਾਮ ਸਰੂਪ ਦਾ ਨਾਮ ਤਜ਼ਵੀਜ਼ ਕਰਨ ਲਈ ਉਸ ਨੂੰ ਬੇਈਮਾਨ ਅਤੇ ਘਟੀਆ ਸਮਝ ਲੈਂਦਾ ਹੈ। ਇਕਾਂਗੀ ਦੇ ਅੰਤ ਵਿਚ ਜਦੋਂ ਹੂਜਾ ਨੂੰ ਸਾਰਾ ਸੱਚ ਪਤਾ ਲੱਗਦਾ ਹੈ ਤਾਂ ਉਸ ਨੂੰ ਆਪਣੀ ਗਲਤੀ ਦਾ ਪਛਤਾਵਾ ਹੁੰਦਾ ਹੈ।

ਇਸ ਤਰ੍ਹਾਂ ਡਾ. ਅਮਰੀਕ ਸਿੰਘ ਦਾ ਲਿਖਿਆ ਹੋਇਆ 'ਅੱਖ ਅੱਗੇ ਕੱਖ' ਇਕਾਂਗੀ ਮਨੁੱਖ ਦੀ ਸ਼ੱਕ ਕਰਨ ਦੀ ਪਰਵਿਰਤੀ ਉੱਪਰ ਵਿਅੰਗ ਵੀ ਕਰਦਾ ਹੈ। ਕਿਹਾ ਜਾਂਦਾ ਹੈ ਕਿ ਜੇਕਰ ਅੱਖ ਅੱਗੇ ਕੋਈ ਨਿੱਕਾ ਜਿਹਾ ਕੱਖ ਆ ਜਾਵੇ ਤਾਂ ਉਹ ਕੱਖ ਸਾਰੀ ਦੁਨੀਆਂ ਨੂੰ ਚਾਨਣ ਵੰਡਣ ਵਾਲੇ ਸੂਰਜ ਨੂੰ ਵੀ ਨਜ਼ਰ ਨਹੀਂ ਆਉਣ ਦਿੰਦਾ। ਇਸ ਤਰ੍ਹਾਂ ਜੇਕਰ ਵਿਅਕਤੀ ਦੇ ਦਿਮਾਗ ਵਿਚ ਸ਼ੱਕ ਦਾ ਕੀੜਾ ਆ ਜਾਵੇ ਤਾਂ ਫਿਰ ਉਸ ਨੂੰ ਸਹੀ ਵੀ ਗ਼ਲਤ ਨਜ਼ਰ ਆਉਣ ਲੱਗ ਜਾਂਦੇ ਹਨ। ਅਸਲ ਵਿਚ ਕਈ ਵਾਰ ਪਰਸਥਿਤੀਆਂ ਜਾਂ ਹਲਾਤ ਮਨੁੱਖ ਨੂੰ ਅਜਿਹੀ ਮੁਸੀਬਤ ਵਿਚ ਫਸਾ ਦਿੰਦੇ ਹਨ ਕਿ ਉਹ ਆਪਣੇ ਸੁਭਾਅ ਤੋਂ ਉਲਟ ਕਦਮ ਚੁੱਕ ਲੈਂਦਾ ਹੈ। ਪਰ ਇਸਦਾ ਮਤਲਬ ਇਹ ਨਹੀਂ ਲੈਣਾ ਚਾਹੀਦਾ ਕਿ ਅਜਿਹਾ ਵਿਅਕਤੀ ਬੇਈਮਾਨ ਜਾਂ ਧੋਖੇਬਾਜ਼ ਹੈ। ਸੋ ਸਾਨੂੰ ਹਰ ਇਕ ਵਿਅਕਤੀ ਬਾਰੇ ਆਪਣੀ ਰਾਇ ਸੋਚ ਸਮਝ ਕੇ ਦੇਣੀ ਚਾਹੀਦੀ ਹੈ।

'ਮੰਚ-ਘਰ' ਇਕਾਂਗੀ ਸੰਗ੍ਰਹਿ ਵਿਚ ਅਜਮੇਰ ਸਿੰਘ ਔਲਖ ਰਚਿਤ 'ਬ੍ਰਹਮ ਭੋਜ' ਇਕਾਂਗੀ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਇਹ ਇਕਾਂਗੀ ਔਲਖ ਦੀ ਰਚਨਾ 'ਅੰਨੇ ਨਿਸ਼ਾਨਚੀ ਤੇ ਹੋਰ ਨਾਟਕ' ਵਿਚ ਦਰਜ ਹੈ ਅਤੇ ਗੁਰੂ ਨਾਨਕ ਦੇਵ ਜੀ ਦੀ ਉਸ ਸਾਖੀ ਉੱਪਰ ਆਧਾਰਿਤ ਹੈ ਜਿਸ ਵਿਚ ਗੁਰੂ ਨਾਨਕ ਦੇਵ ਭਾਈ ਲਾਲੋ ਦੇ ਕਿਰਦਾਰ ਰਾਹੀਂ ਮਨੁੱਖ ਨੂੰ ਸੱਚੀ ਸੁੱਚੀ ਕਿਰਤ ਕਰਨ ਅਤੇ ਕਿਰਤ ਨਾਲ ਕੀਤੀ ਕਮਾਈ ਵਿਚੋਂ ਦਾਨ ਦੇਣ ਦਾ ਸੁਨੇਹਾ ਦਿੰਦੇ ਹਨ। ਇਸ ਇਕਾਂਗੀ ਦੇ ਵਿਸ਼ੇ ਬਾਰੇ 'ਮੰਚ ਘਰ' ਦੇ ਸੰਪਾਦਕਾਂ ਦੇ ਵਿਚਾਰ ਵੀ ਇਸ ਤਰ੍ਹਾਂ ਦੇ ਹਨ। ਉਦਾਹਰਨ:

'ਬ੍ਰਹਮ ਭੋਜ ਦਾ ਵਿਸ਼ਾ ਦਾਨ ਹੈ, ਪਰ ਇਕਾਂਗੀਕਾਰ ਦਾ ਉਦੇਸ਼ ਇਹ ਦੱਸਣਾ ਹੈ ਕਿ ਗਰੀਬਾਂ ਦੇ ਸ਼ੋਸ਼ਣ ਉਪਰੰਤ ਕੀਤਾ ਦਾਨ ਬੇਕਾਰ ਹੈ। ਅਜਿਹਾ ਦਾਨ ਕਰਨ ਵਾਲੇ ਦੇ ਹੱਥ ਹਮੇਸ਼ਾਂ ਖ਼ੂਨ ਨਾਲ ਲਿਬੜੇ ਰਹਿੰਦੇ ਹਨ ਤੇ ਕਿਰਤੀ ਦੀ ਸਾਦਾ ਰੋਟੀ ਇਸ ਤੋਂ ਜਿਆਦਾ ਸਵਾਦ ਹੁੰਦੀ ਹੈ। [7]

ਇਕਾਂਗੀ ਵਿਚ ਮਲਕ ਭਾਗੋ ਇਕ ਅਮੀਰ ਪਰ ਜ਼ੁਲਮੀ ਅਤੇ ਪਾਖੰਡੀ ਵਿਅਕਤੀ ਹੈ ਜੋ ਕਿ ਗਰੀਬਾਂ ਕੋਲੋ ਜ਼ਬਰੀ ਅਨਾਜ ਖੋਹ ਕੇ ਸਾਧੂ, ਸੰਤਾਂ ਅਤੇ ਆਮ ਪਰਜਾ ਲਈ ਬ੍ਰਹਮ ਭੋਜ ਦੀ ਤਿਆਰੀ ਕਰਦਾ ਹੈ। ਉਹ ਪੂਰੇ ਇਲਾਕੇ ਵਿਚ ਇਹ ਢੰਡੋਰਾ ਪਿਟਵਾ ਦਿੰਦਾ ਹੈ ਕਿ ਜੋ ਵਿਅਕਤੀ ਬ੍ਰਹਮ ਭੋਜ ਵਿਚ ਸ਼ਾਮਿਲ ਨਹੀਂ ਹੋਵੇਗਾ, ਉਸ ਨੂੰ ਸਜ਼ਾ ਦਿੱਤੀ ਜਾਵੇਗੀ। ਇਸ ਇਕਾਂਗੀ ਦਾ ਦੂਜਾ ਅਹਿਮ ਪਾਤਰ ਭਾਈ ਲਾਲੋ, ਗਰੀਬ ਤਰਖਾਣ, ਬੜਾ ਨਿਡਰ ਅਤੇ

ਕਿਰਤੀ ਵਿਅਕਤੀ ਹੈ ਜੋ ਕਿ ਮਲਕ ਭਾਗੋ ਦੀ ਕਿਸੇ ਧਮਕੀ ਤੋਂ ਨਾ ਡਰਦਾ ਹੋਇਆ ਆਪਣੇ ਘਰ ਆਏ ਹੋਏ ਫਕੀਰ (ਗੁਰੂ ਨਾਨਕ ਦੇਵ) ਲਈ ਸੱਚੀ ਸੁੱਚੀ ਕਿਰਤ ਦੀ ਕਮਾਈ ਨਾਲ ਰੁੱਖਾ ਸੁੱਖਾ ਭੋਜਨ ਤਿਆਰ ਕਰਦਾ ਹੈ। ਪਰੰਤੂ ਮਲਕ ਭਾਗੋ ਦੇ ਬ੍ਰਹਮ ਭੋਜ ਵਿਚ ਸ਼ਾਮਿਲ ਨਹੀਂ ਹੁੰਦਾ। ਜਦੋਂ ਉਸ ਨੂੰ ਮਲਕ ਭਾਗੋ ਦੇ ਅੱਗੇ ਲਿਆਇਆ ਜਾਂਦਾ ਹੈ ਤਾਂ ਉਹ ਉਸਦੇ ਹਰ ਸਵਾਲ ਦਾ ਬੇਖੌਫ ਹੋਕੇ ਜਵਾਬ ਦਿੰਦਾ ਹੋਇਆ ਕਹਿੰਦਾ ਹੈ ਕਿ ਮਲਕ ਭਾਗੋ ਦੇ ਭੋਜ ਵਿਚ ਕਿਰਤੀਆਂ ਦਾ ਖ਼ੂਨ ਹੈ ਜਿਸ ਲਈ ਮਲਕ ਭਾਗੋ ਨੂੰ ਕ੍ਰੋਧ ਆ ਜਾਂਦਾ ਹੈ। ਮਲਕ ਭਾਗੋ, ਭਾਈ ਲਾਲੋ ਨੂੰ ਛਾਂਟਾ ਮਾਰਨ ਲੱਗਦਾ ਹੈ ਤਾਂ ਗੁਰੂ ਨਾਨਕ ਦੇਵ ਜੀ ਭਾਈ ਲਾਲੋ ਦੇ ਹੱਕ ਵਿਚ ਬੋਲਦੇ ਹਨ। ਗੁਰੂ ਜੀ ਮਲਕ ਭਾਗੋ ਨੂੰ ਸਾਰੀ ਗੱਲ ਦਾ ਨਿਪਟਾਰਾ ਤਰਕ ਦੇ ਆਧਾਰ ਤੇ ਕਰਨ ਲਈ ਕਹਿੰਦੇ ਹਨ ਅਤੇ ਇਕ ਛੋਟੇ ਬੱਚੇ ਨੂੰ ਮੰਗਵਾਉਂਦੇ ਹਨ। ਗੁਰੂ ਜੀ ਦੇ ਕਹਿਣ ਤੇ ਜਦੋਂ ਉਹ ਬੱਚਾ ਮਲਕ ਭਾਗੋ ਦੇ ਬ੍ਰਹਮ ਭੋਜ ਦੇ ਮਾਹਲ ਪੂੜੇ ਨੂੰ ਹੱਥ ਵਿਚ ਰੱਖਦਾ ਹੈ ਤਾਂ ਉਸ ਵਿਚੋਂ ਖ਼ੂਨ ਨਿਕਲਦਾ ਹੈ ਅਤੇ ਜਦੋਂ ਲਾਲੋ ਦੀ ਕੋਧਰੇ ਦੀ ਰੋਟੀ ਨੂੰ ਆਪਣੇ ਹੱਥ ਵਿਚ ਰੱਖਦਾ ਹੈ ਤਾਂ ਉਸ ਵਿਚੋਂ ਦੁੱਧ ਨਿਕਲਦਾ ਹੈ। ਇਸ ਸਾਰੀ ਘਟਨਾ ਨੂੰ ਦੇਖ ਕੇ ਸਾਰੇ ਹੈਰਾਨ ਰਹਿ ਜਾਂਦੇ ਹਨ। ਇਸ ਤਰ੍ਹਾਂ ਇਹ ਇਕਾਂਗੀ ਗੁਰੂ ਜੀ ਵਲੋਂ ਦਿੱਤੀ ਹੋਈ ਸਿੱਖਿਆ ਨਾਲ ਮਨੁੱਖ ਨੂੰ ਜੋੜਨ ਦਾ ਯਤਨ ਕਰਦਾ ਹੈ ਕਿ ਮਨੁੱਖ ਨੂੰ ਕਿਸੇ ਗਰੀਬ ਦਾ ਹੱਕ ਮਾਰਨ ਦੀ ਥਾਂ ਹੱਥੀਂ ਕਿਰਤ ਕਰਨੀ ਚਾਹੀਦੀ ਹੈ। ਕਿਰਤ ਦੀ ਕਮਾਈ ਵਿਚੋਂ ਕੀਤਾ ਗਿਆ ਦਾਨ ਹੀ ਲੇਖੇ ਲੱਗਦਾ ਹੈ। ਇਸ ਦੇ ਨਾਲ ਮਨੁੱਖ ਨੂੰ ਪਰਮਾਤਮਾ ਵਿਚ ਯਕੀਨ ਕਰਕੇ ਉਸ ਦਾ ਸਿਮਰਨ ਕਰਨਾ ਚਾਹੀਦਾ ਹੈ ਕਿਉਂਕਿ ਜਿਹੜਾ ਵਿਅਕਤੀ ਉਸ ਪਰਮਾਤਮਾ ਦਾ ਸੱਚੇ ਮਨ ਨਾਲ ਸਿਮਰਨ ਕਰਦਾ ਹੈ ਉਸ ਦਾ ਪਰਮਾਤਮਾ ਆਪ ਸਾਥ ਦਿੰਦਾ ਹੈ ਅਤੇ ਜਿਹੜਾ ਵਿਅਕਤੀ ਦੂਜੇ ਦਾ ਹੱਕ ਮਾਰਕੇ ਖਾਂਦਾ ਹੈ ਉਸ ਨੂੰ ਕਈ ਪ੍ਰਕਾਰ ਦੇ ਵਿਕਾਰ ਲੱਗ ਜਾਂਦੇ ਹਨ। ਇਸ ਤਰ੍ਹਾਂ ਇਹ ਇਕਾਂਗੀ ਮਾਨਵਤਾ ਦੀ ਭਲਾਈ ਹਿੱਤ ਸੱਚੀ ਸੁੱਚੀ ਕਿਰਤ ਕਰਨ ਦਾ ਸੁਨੇਹਾ ਦਿੰਦਾ ਹੈ। ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਧਾਰਮਿਕ ਮਰਿਆਦਾ ਨੂੰ ਕਾਇਮ ਰੱਖਦਿਆਂ ਰੰਗਮੰਚ ਉੱਪਰ ਗੁਰੂ ਸਾਹਿਬਾਨ ਦੀ ਸ਼ਖ਼ਸੀਅਤ ਨੂੰ ਵਿਅਕਤੀ ਜਾਂ ਜੀਵੰਤ ਪਾਤਰ ਦੇ ਰੂਪ ਵਿਚ ਪੇਸ਼ ਨਹੀਂ ਕੀਤਾ ਜਾ ਸਕਦਾ। ਇਸ ਲਈ ਅਜਮੇਰ ਔਲਖ ਨੇ ਇਕਾਂਗੀ ਵਿਚ ਗੁਰੂ ਸਾਹਿਬ ਦੀ ਸ਼ਖ਼ਸੀਅਤ ਦੀ ਪੇਸ਼ਕਾਰੀ ਲਈ ਰੋਸ਼ਨੀ ਅਤੇ ਪਿੱਠਵਰਤੀ ਆਵਾਜ਼ ਦੀ ਵਰਤੋਂ ਕੀਤੀ ਹੈ। ਇੰਜ ਮੰਚ ਪੇਸ਼ਕਾਰੀ ਦੇ ਪੱਖ ਤੋਂ ਇਹ ਇਕਾਂਗੀ ਸਫ਼ਲ ਕਿਹਾ ਜਾ ਸਕਦਾ ਹੈ।

'ਕੁੱਤਾ ਤੇ ਮਨੁੱਖ' ਮੰਚ-ਘਰ ਇਕਾਂਗੀ ਦਾ ਅੰਤਿਮ ਇਕਾਂਗੀ ਹੈ। ਇਸ ਇਕਾਂਗੀ ਦੇ ਲੇਖਕ ਪੰਜਾਬੀ ਦੇ ਪ੍ਰਸਿੱਧ ਨਾਟਕਕਾਰ ਆਤਮਜੀਤ ਹਨ। ਇਹ ਇਕ ਵਿਅੰਗਾਤਮਕ ਇਕਾਂਗੀ ਹੈ ਜਿਸ ਵਿਚ ਮਨੁੱਖ ਨੂੰ ਉਸਦੀ ਸਵਾਰਥੀ ਅਤੇ ਖੁਦਗਰਜ਼ ਪਰਵਿਰਤੀ ਕਰਕੇ ਵਿਅੰਗ ਦਾ ਨਿਸ਼ਾਨਾ ਬਣਾਇਆ ਗਿਆ ਹੈ। ਲੇਖਕ ਇਸ ਇਕਾਂਗੀ ਦੇ ਪਾਤਰਾਂ ਦੇ ਵਾਰਤਾਲਾਪ ਅਤੇ ਕਾਰਜਾਂ ਰਾਹੀਂ ਇਹ ਜ਼ਾਹਰ ਕਰਦਾ ਹੈ ਕਿ ਮਨੁੱਖ ਜਾਨਵਰਾਂ ਨਾਲੋਂ ਵੀ ਭੈੜਾ ਹੋ ਗਿਆ ਹੈ। ਕੁੱਤਿਆਂ ਤੋਂ ਵੀ ਵਫਾ ਦੀ ਉਮੀਦ ਕੀਤੀ ਜਾ ਸਕਦੀ ਹੈ ਪਰ ਮਨੁੱਖ ਆਪਣੇ ਸਫਾਰਥ ਵਿਚ ਐਨਾ ਅੰਨ੍ਹਾ ਹੋ ਚੁੱਕਾ ਹੈ ਕਿ ਉਸ ਤੋਂ ਦੂਜੇ ਦੀ ਚੰਗਿਆਈ ਜਾਂ ਕਿਸੇ ਦੀ ਭਲਾਈ ਦੀ ਆਸ ਨਹੀਂ ਕੀਤੀ ਜਾ ਸਕਦੀ। ਉਹ ਹਰ ਇਕ ਵਿਅਕਤੀ ਨੂੰ ਆਪਣੇ ਮਤਲਬ ਜਾ ਫਾਇਦੇ ਲਈ ਇਸਤੇਮਾਲ ਕਰਨਾ ਚਾਹੁੰਦਾ ਹੈ। ਇਕਾਂਗੀ ਵਿਚ ਮਾਧਵ ਦੀ ਮੌਤ ਤੋਂ ਬਾਅਦ ਪਾਂਡੇ ਉਸ ਦੀ ਸੰਪਤੀ ਨੂੰ ਲੋਕ ਭਲਾਈ ਦੇ ਕਾਰਜ ਵਿਚ ਲਗਾਉਣਾ ਚਾਹੁੰਦਾ ਹੈ। ਇਸ ਮੰਤਵ ਨੂੰ ਮੁੱਖ ਰੱਖਕੇ ਉਹ ਮਾਧਵ ਦੇ ਕੁੱਝ ਨਜ਼ਦੀਕੀ ਸੱਜਣਾਂ ਮਿੱਤਰਾਂ ਦੀ ਮੀਟਿੰਗ ਬੁਲਾਉਂਦਾ ਹੈ ਜਿਸ ਵਿਚ ਕ੍ਰਿਸ਼ਨਾ ਮੂਰਤੀ, ਮਿਸਿਜ਼ ਕੁਲਭੂਸ਼ਨ, ਜੀਵਨ ਕੁਮਾਰ ਸ਼ਾਮਿਲ ਹੁੰਦੇ ਹਨ। ਜਦੋਂ ਪਾਂਡੇ ਕੋਈ ਚੰਗੇ ਸੁਝਾਅ ਮਿਲਣ ਦੀ ਆਸ ਨਾਲ ਮੀਟਿੰਗ ਦਾ ਮੰਤਵ ਉਨ੍ਹਾਂ ਨਾਲ ਸਾਂਝਾ ਕਰਦਾ ਹੈ ਤਾਂ ਸਾਰੇ ਆਪਣੇ ਅਸਲ ਰੂਪ ਨੂੰ ਉਜਾਗਰ ਕਰ ਜਾਂਦੇ ਹਨ। ਸਭ ਤੋਂ ਪਹਿਲਾਂ ਜੀਵਨ ਕੁਮਾਰ ਜੋ ਕਿ ਇਕ ਕਵੀ ਹੈ, ਆਪਣੀਆਂ ਬੇਤੁਕੀਆਂ ਕਵਿਤਾਵਾਂ ਅਤੇ ਸ਼ਾਇਰੀ ਦੀਆਂ ਕਿਤਾਬਾਂ ਛਪਵਾਉਣ ਦੀ ਸਲਾਹ ਦਿੰਦਾ ਹੈ। ਡਾ. ਕੁਲਭੂਸ਼ਨ ਹਸਪਤਾਲ ਬਣਵਾਉਣ ਦੀ ਸਲਾਹ ਦਿੰਦੀ ਹੈ ਅਤੇ ਡਾਕਟਰ ਵਜੋਂ ਕਾਰਜ ਕਰਨ ਲਈ ਆਪਣੇ ਭਰਾ ਦਾ ਨਾਮ ਤਜ਼ਵੀਜ਼ ਕਰਦੀ ਹੈ। ਇਸ ਪਿੱਛੋਂ ਕ੍ਰਿਸ਼ਨਾ ਮੂਰਤੀ ਵਪਾਰੀ ਹੋਣ ਕਾਰਨ ਪਾਂਡੇ ਨੂੰ ਮਾਧਵ ਦੇ ਨਾਮ 'ਤੇ ਇਮਪੋਰਟ ਐਕਸਪੋਰਟ ਦਾ ਬਿਜਨਸ ਸ਼ੁਰੂ ਕਰਨ ਦੀ ਸਲਾਹ ਦਿੰਦਾ ਹੈ ਅਤੇ ਮਧੂ ਸੂਦਨ ਫੈਕਟਰੀ ਖੋਲਣ ਦੀ ਸਲਾਹ ਦਿੰਦਾ ਹੈ ਜਿਸ ਲਈ ਉਹ ਆਪਣੇ ਪੁੱਤਰ ਦਾ ਨਾਮ ਮੈਨੇਜਰ ਲਈ ਤਜ਼ਵੀਜ਼ ਕਰਦਾ ਹੈ। ਇਸ ਤਰ੍ਹਾਂ ਸਾਰਿਆਂ ਦੇ ਵਿਚਾਰ ਸੁਣਨ ਤੋਂ ਬਾਅਦ ਜਦੋਂ ਪਾਂਡੇ ਜੀ ਮਾਧਵ ਜੀ ਦੀ ਲਿਖੀ ਕਹਾਣੀ 'ਸ਼ਹਿਰ ਦੇ ਕੁੱਤਿਆਂ ਦੇ ਨਾਂ' ਦੇ ਆਧਾਰ ਤੇ ਕੁੱਤਾ-ਸ਼ਾਲਾ ਖੋਲਣ ਦੀ ਗੱਲ ਕਰਦਾ ਹੈ ਤਾਂ ਸਾਰੇ ਲੋਕ ਕਿੰਤੂ ਪਰੰਤੂ ਕਰਦੇ ਹਨ ਅਤੇ ਆਪਣਾ ਸਵਾਰਥ ਪੂਰਾ ਨਾ ਹੁੰਦਾ ਦੇਖਕੇ ਆਪਸ ਵਿਚ ਕੁੱਤਿਆਂ ਵਾਂਗ ਲੜਨ ਲੱਗਦੇ ਹਨ। ਇਨ੍ਹਾਂ ਦਾ ਆਪਸ ਵਿਚ ਲੜਨਾ ਮਨੁੱਖ ਦੀ ਸਵਾਰਥੀ ਪਰਵਿਰਤੀ ਨੂੰ ਉਜਾਗਰ ਕਰਦਾ ਹੈ। ਅਸਲ ਵਿਚ ਅੱਜ ਦਾ ਮਨੁੱਖ ਆਪਣੇ ਆਪ ਵਿਚ ਹੀ ਐਨਾ ਸਿਮਟ

ਕੇ ਰਹਿ ਗਿਆ ਹੈ ਕਿ ਉਹ ਕਿਸੇ ਦਾ ਭਲਾ ਕਰਨਾ ਤਾਂ ਦੂਰ ਕਿਸੇ ਦੂਜੇ ਬਾਰੇ ਸੋਚਣਾ ਵੀ ਨਹੀਂ ਚਾਹੁੰਦਾ। ਉਸ ਕੋਲ ਕਿਸੇ ਦਾ ਦੁੱਖ ਦਰਦ ਸੁਣਨ ਲਈ ਵੀ ਸਮਾਂ ਨਹੀਂ। ਮੁੱਕਦੀ ਗੱਲ ਕਿ ਮਨੁੱਖ ਖੁਦਗਰਜ਼ ਅਤੇ ਬੇਦਿਲਾ ਹੋ ਗਿਆ ਹੈ ਅਤੇ ਉਸ ਅੰਦਰ ਕਿਸੇ ਦਾ ਦਰਦ ਵੰਡਾਉਣ ਵਾਲਾ ਦਿਲ ਹੀ ਨਹੀਂ ਹੈ। ਉਹ ਸਿਰਫ ਆਪਣਾ ਮਤਲਬ ਕੱਢਣ ਲਈ ਕਿਸੇ ਨੂੰ ਮਿਲਦਾ ਵਰਤਦਾ ਹੈ। ਚੀਚਾ ਦੇ ਬੋਲ ਇਸ ਗੱਲ ਦੀ ਪੁਸ਼ਟੀ ਕਰਦੇ ਹਨ। ਜਿਵੇਂ:

ਚੀਚਾ: ਮਤਲਬੀਓ, ਜਦੋਂ ਪਿਛਲੇ ਵਰ੍ਹੇ ਪਿਤਾ ਜੀ ਹਸਪਤਾਲ ਵਿਚ ਤੜਫਦੇ ਰਹੇ ਤਾਂ ਤੁਹਾਡੇ ਕੋਲੋਂ ਓਥੇ ਜਾਣਾ ਵੀ ਨਾ ਸਰਿਆ ਤੇ ਅੱਜ ਜਾਇਦਾਦ ਦਾ ਪਤਾ ਲੱਗਾ ਤਾਂ ਅੱਧਾ ਘੰਟਾ ਪਹਿਲਾਂ ਈ ਆ ਕੇ ਬਹਿ ਗਏ ਓ। [8]

ਲੇਖਕ ਚੀਚੇ ਦੇ ਬੋਲਾਂ ਰਾਹੀਂ ਇਹ ਵੀ ਸਪੱਸ਼ਟ ਕਰਦਾ ਹੈ ਕਿ ਅਜੋਕੇ ਸਮੇਂ ਵਿਚ ਕਿਸੇ ਦੂਜੇ ਅੱਗੇ ਦੁੱਖ ਰੋਣ ਦਾ ਕੋਈ ਫਾਇਦਾ ਨਹੀਂ ਕਿਉਂਕਿ ਮਨੁੱਖ ਐਨਾ ਮਤਲਬੀ ਬਣ ਚੁੱਕਿਆ ਹੈ ਕਿ ਦੂਜੇ ਦੇ ਦੁੱਖ ਵਿਚੋਂ ਵੀ ਆਪਣਾ ਕੋਈ ਸਵਾਰਥ ਪੂਰਾ ਕਰਨਾ ਚਾਹੇਗਾ। ਇਸ ਲਈ ਮਨੁੱਖ ਨੂੰ ਆਪਣੇ ਪੈਰਾਂ ਤੇ ਖੜੇ ਹੋਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਉਦਾਹਰਣ:

ਚੀਚਾ: ਉਨ੍ਹਾਂ ਆਖਿਆ-ਹਰ ਇਨਸਾਨ ਮਤਲਬੀ ਹੈ। ਇਸ ਮਨੁੱਖ ਨੂੰ ਕਿਸੇ ਦੇ ਆਸਰੇ ਨਹੀਂ ਜੀਣਾ ਚਾਹੀਦਾ ਤੇ ਆਪਣੇ ਪੈਰਾਂ ਤੇ ਖੜਾ ਹੋਣ ਦੀ ਜਾਂਚ ਸਿੱਖਣੀ ਚਾਹੀਦੀ ਹੈ। [9]

ਇੰਜ ਆਤਮਜੀਤ ਦਾ ਲਿਖਿਆ ਇਕਾਂਗੀ 'ਕੁੱਤਾ ਅਤੇ ਮਨੁੱਖ' ਇਕ ਮਹੱਤਵਪੂਰਨ ਇਕਾਂਗੀ ਹੈ ਜੋ ਮਨੁੱਖ ਦੀ ਘਟੀਆ, ਮਤਲਬੀ ਅਤੇ ਸਵਾਰਥੀ ਪਰਵਿਰਤੀ ਉੱਤੇ ਤਕੜਾ ਵਿਅੰਗ ਕਰਦਾ ਹੈ ਅਤੇ ਕਿਸੇ ਵਿਅਕਤੀ ਨੂੰ ਕਿਸੇ ਦੂਜੇ ਉੱਤੇ ਕੋਈ ਆਸ ਨਾ ਰੱਖਣ ਦਾ ਸੁਨੇਹਾ ਵੀ ਦਿੰਦਾ ਹੈ।

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਵੱਖ-ਵੱਖ ਨਾਟਕਕਾਰਾਂ ਵਲੋਂ ਲਿਖੇ ਗਏ ਇਕਾਂਗੀਆਂ ਦਾ ਸੰਗ੍ਰਹਿ 'ਮੰਚ ਘਰ' ਇਕ ਉੱਤਮ ਨਾਟ-ਰਚਨਾ ਹੈ ਜੋ ਕਿ ਮਨੁੱਖੀ ਸਮਾਜ ਅਤੇ ਮਨੁੱਖ ਨਾਲ ਜੁੜੇ ਭਿੰਨ ਭਿੰਨ ਸਰੋਕਾਰਾਂ ਦੀ ਪੇਸ਼ਕਾਰੀ ਕਰਦੀ ਹੋਈ ਪਾਠਕਾਂ ਅਤੇ ਦਰਸ਼ਕਾਂ ਨੂੰ ਸੇਧ ਦੇਣ ਦਾ ਯਤਨ ਕਰਦੀ ਹੈ। ਇਸ ਇਕਾਂਗੀ ਸੰਗ੍ਰਹਿ ਵਿਚ ਪੇਸ਼ ਕੀਤੇ ਗਏ ਵਿਸ਼ੇ ਮੌਲਿਕ ਹਨ ਜੋ ਕਿ ਵਰਤਮਾਨ ਸਮੇਂ ਦੇ ਸੰਦਰਭ ਵਿਚ ਵੀ ਖ਼ਾਸ ਅਹਿਮੀਅਤ ਰੱਖਦੇ ਹਨ। ਬੇਸ਼ਕ ਅੱਜ ਸਿੱਖਿਆ ਦੇ ਪ੍ਰਸਾਰ ਰਾਹੀਂ ਲੋਕਾਂ ਵਿਚ ਜਾਗ੍ਰਤੀ ਪੈਦਾ ਹੋ ਰਹੀ ਹੈ ਪਰੰਤੂ ਫਿਰ ਵੀ ਧਰਮ ਦੇ ਨਾਮ ਤੇ ਦਾਨ ਪੁੰਨ ਕਰਨਾ ਜਾਂ ਧਰਮ ਦੇ ਠੇਕੇਦਾਰਾਂ ਵਲੋਂ ਭੋਲੇਭਾਲੇ ਲੋਕਾਂ ਨੂੰ ਠੱਗਣਾ ਪੂਰੀ ਤਰ੍ਹਾਂ ਖਤਮ ਨਹੀਂ ਹੋਇਆ, ਮਨੁੱਖੀ ਫਿਤਰਤ ਵਿਚ ਸ਼ਾਮਿਲ ਈਰਖਾ, ਸ਼ੱਕ

ਅਤੇ ਹੰਕਾਰ ਦੀ ਪ੍ਰਵਿਰਤੀ ਨੂੰ ਬਦਲਿਆ ਨਹੀਂ ਜਾ ਸਕਿਆ। ਅਸਲ ਵਿਚ ਇਹ ਸਮੱਸਿਆਵਾਂ ਮਨੁੱਖੀ ਜੀਵਨ ਅਤੇ ਸਮਾਜਿਕ ਵਿਕਾਸ ਦੇ ਰਾਹ ਵਿਚ ਬਹੁਤ ਵੱਡੀਆਂ ਰੁਕਾਵਟਾਂ ਖੜੀਆਂ ਕਰਦੀਆਂ ਹਨ। 'ਮੰਚ ਘਰ' ਇਕਾਂਗੀ ਸੰਗ੍ਰਹਿ ਇਨ੍ਹਾਂ ਸਮੱਸਿਆਵਾਂ ਦੇ ਸਮਾਧਾਨ ਲਈ ਸਭ ਨੂੰ ਮਿਲਕੇ ਯਤਨ ਕਰਨ ਦਾ ਸੁਨੇਹਾ ਦਿੰਦਾ ਹੈ।

## ਹਵਾਲੇ

1. ਡਾ. ਗੁਰਦਿਆਲ ਸਿੰਘ ਫੁੱਲ, ਪੰਜਾਬੀ ਨਾਟਕ ਸਰੂਪ, ਸਿਧਾਂਤ ਤੇ ਵਿਕਾਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011, ਪੰਨਾ-07
2. ਸਤਨਾਮ ਸਿੰਘ, ਨਾਟਕਕਾਰ ਈਸ਼ਵਰ ਚੰਦਰ ਨੰਦਾ, ਲੋਕਗੀਤ ਪ੍ਰਕਾਸ਼ਨ, ਸਰਹਿੰਦ, 1992, ਪੰਨਾ-66
3. ਡਾ. ਰੋਸ਼ਨ ਲਾਲ ਅਹੂਜਾ, ਇਕਾਂਗੀ-ਕਲਾ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁਕ ਬੋਰਡ, ਚੰਡੀਗੜ੍ਹ, 1979, ਪੰਨਾ-101
4. ਪ੍ਰੋ. ਆਈ.ਸੀ. ਨੰਦਾ, 'ਬੇਬੇ ਰਾਮ ਭਜਨੀ', ਝਲਕਾਰੇ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998, ਪੰਨਾ-07
5. ਡਾ. ਰੋਸ਼ਨ ਲਾਲ ਅਹੂਜਾ, ਇਕਾਂਗੀ-ਕਲਾ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁਕ ਬੋਰਡ, ਚੰਡੀਗੜ੍ਹ, 1979, ਪੰਨਾ-69
6. ਡਾ. ਕੁਲਦੀਪ ਸਿੰਘ ਧੀਰ ਅਤੇ ਡਾ. ਹਿਰਦੇਜੀਤ ਸਿੰਘ ਭੋਗਲ (ਸੰਪਾ.), ਮੰਚ ਘਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2006, ਪੰਨਾ-60
7. ਉਹੀ, ਪੰਨਾ-17
8. ਡਾ. ਆਤਮਜੀਤ, 'ਕੁੱਤਾ ਅਤੇ ਮਨੁੱਖ', ਚਾਬੀਆਂ ਤੇ ਹੋਰ ਇਕਾਂਗੀ, ਭਾਸ਼ਾ ਵਿਭਾਗ, ਪੰਜਾਬ, 2002, ਪੰਨਾ-41
9. ਉਹੀ, ਪੰਨਾ-39